**Series G7DEF** **SET-4**

**Q.P. Code 6**

Roll No. | | | | | | | | |

Candidates must write the Q.P. Code on the title page of the answer-book.

**ਨੋਟ**

(I) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **11** ਪੰਨੇ ਹਨ ।

(II) ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।

(III) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **16** ਪ੍ਰਸ਼ਨ ਹਨ ।

(IV) **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**

(V) ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ ।

**NOTE** [ ]

(I) *Please check that this question paper contains **11** printed pages.*

(II) *Q.P. Code given on the right hand side of the question paper should be written on the title page of the answer-book by the candidate.*

(III) *Please check that this question paper contains **16** questions.*

(IV) *Please write down the Serial Number of the question in the answer-book at the given place before attempting it.*

(V) *15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the candidates will read the question paper only and will not write any answer on the answer-book during this period.*

# ਪੰਜਾਬੀ

# PUNJABI

*ਸਮਾਂ ਸੀਮਾ : 3 ਘੰਟੇ* *ਪੂਰਨ ਅੰਕ : 80*

*Time allowed : 3 hours* *Maximum Marks : 80*

**General Instructions :**

*Question paper is divided into four parts.*

*It has total 16 questions.*

***Part-I** : 2 Questions no. 1 and 2*

***Part-II** : 5 Questions no. 3 to 7*

***Part-III** : 3 Questions no. 8 to 10*

***Part-IV** : 6 Questions no. 11 to 16*

*Attempt questions as per specific instructions.*

*Write question no. in answer-book before attempting it.*

**ਸਧਾਰਨ ਨਿਰਦੇਸ਼ :**

ਪ੍ਰਸ਼ਨ-ਪੱਤਰ ਵਿੱਚ ਕੁੱਲ ਚਾਰ ਭਾਗ ਹਨ ।

ਇਸ ਵਿੱਚ ਕੁੱਲ 16 ਪ੍ਰਸ਼ਨ ਹਨ ।

**ਭਾਗ-I** :2 ਪ੍ਰਸ਼ਨ ਨੰ. 1 ਅਤੇ 2

**ਭਾਗ-II** :5 ਪ੍ਰਸ਼ਨ ਨੰ. 3 ਤੋਂ 7 ਤੱਕ

**ਭਾਗ-III** :3 ਪ੍ਰਸ਼ਨ ਨੰ. 8 ਤੋਂ 10 ਤੱਕ

**ਭਾਗ-IV** :6 ਪ੍ਰਸ਼ਨ ਨੰ. 11 ਤੋਂ 16 ਤੱਕ

**ਆਮ ਨਿਰਦੇਸ਼ :**

ਪ੍ਰਸ਼ਨ-ਪੱਤਰ ਹੱਲ ਕਰਨ ਤੋਂ ਪਹਿਲਾਂ, ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ:

- ਸਾਰੇ ਪ੍ਰਸ਼ਨ ਲਾਜ਼ਮੀ ਹਨ । ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ । ਉਸ ਨੂੰ ਧਿਆਨ ਨਾਲ਼ ਵੇਖ ਕੇ ਹੱਲ ਕੀਤਾ ਜਾਵੇ ।
- ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ / ਚਿੰਨ੍ਹ ਦੇ ਨਾਲ਼ ਨਾਲ਼ ਉੱਤਰ ਵੀ ਲਿਖਿਆ ਜਾਵੇ ।
- ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ ।
- ਇਸ ਪ੍ਰਸ਼ਨ-ਪੱਤਰ ਵਿੱਚ ਕੁੱਲ 16 ਪ੍ਰਸ਼ਨ ਹਨ ਤੇ ਇਸ ਦੇ ਚਾਰ ਭਾਗ ਹਨ । ਭਾਗ-I ਪੜ੍ਹਨ-ਕੌਸ਼ਲ, ਭਾਗ-II ਵਿਆਕਰਨ, ਭਾਗ-III ਪ੍ਰਭਾਵਸ਼ਾਲੀ ਲਿਖਣ ਕੌਸ਼ਲ ਅਤੇ ਭਾਗ-IV ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ ।
- **ਭਾਗ-I :** ਪੜ੍ਹਨ-ਕੌਸ਼ਲ ਵਿੱਚ ਕੁੱਲ 2 ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।
- **ਭਾਗ-II :** ਵਿਆਕਰਨ ਵਿੱਚ ਕੁੱਲ 5 ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।
- **ਭਾਗ-III :** ਪ੍ਰਭਾਵਸ਼ਾਲੀ ਲਿਖਣ ਕੌਸ਼ਲ ਵਿੱਚ ਕੁੱਲ 3 ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।
- **ਭਾਗ-IV :** ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ ਵਿੱਚ ਕੁੱਲ 6 ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।

## ਭਾਗ-I : ਪੜ੍ਹਨ ਕੌਸ਼ਲ

**(PART-I : Reading Skills)** *6+4=10*

***ਨੋਟ :*** *ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ, ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ/ਉੱਤਰ ਸ਼ੀਟ ਵਿੱਚ ਦਰਜ ਕਰੋ :*

**1.** ਅਧਿਆਪਕ ਆਮ ਇਨਸਾਨ ਹੁੰਦੇ ਹੋਏ ਵੀ ਵੱਖ ਸ਼ਖਸੀਅਤ ਦਾ ਮਾਲਕ ਹੁੰਦਾ ਹੈ । ਉਹ ਪੜ੍ਹਿਆ-ਲਿਖਿਆ, ਸਮਾਜ ਦੇ ਹੋਰਨਾਂ ਲੋਕਾਂ ਨਾਲੋਂ ਰਤਾ ਵੱਧ ਸਿਆਣਾ, ਸਾਦਾ, ਸਾਫ-ਸਪਸ਼ਟ ਤੇ ਇਮਾਨਦਾਰ ਇਨਸਾਨ ਹੁੰਦਾ ਹੈ। ਉਹ ਜ਼ਬਾਨ ਦਾ ਮਿੱਠਾ, ਵਚਨ ਦਾ ਪੱਕਾ ਤੇ ਇਰਾਦੇ ਦਾ ਮਜਬੂਤ ਹੁੰਦਾ ਹੈ । ਉਹ ਜਾਣਦਾ ਹੈ ਕਿ ਸਮਾਜ ਇਸ ਤੋਂ ਵੱਧ ਉਸਨੂੰ ਕੀ ਇੱਜ਼ਤ ਦੇ ਸਕਦਾ ਹੈ ਜਦੋਂ ਉਹ ਆਪਣੇ ਭੋਲੇ-ਭਾਲੇ, ਨਿੱਕੇ-ਨਿੱਕੇ, ਅੱਖਾਂ ਦੇ ਨੂਰ, ਜਿਗਰ ਦੇ ਟੁਕੜਿਆਂ ਅਰਥਾਤ ਬੱਚਿਆਂ ਨੂੰ ਉਸ ਦੇ ਸਪੁਰਦ ਕਰ ਕੇ ਬਿਲਕੁਲ ਬੇਫਿਕਰ ਹੋ ਜਾਂਦਾ ਹੈ । ਉਸਨੂੰ ਇਸ ਗੱਲ ਦਾ ਇਹਸਾਸ ਹੈ ਕਿ ਸਮਾਜ ਉਸ ਉੱਤੇ ਯਕੀਨ ਰਖਦਾ ਹੈ, ਉਸ ਉੱਤੇ ਭਰੋਸਾ ਕਰਦਾ ਹੈ ਜੋ ਵੀ ਉਹ ਬਚਿਆਂ ਨੂੰ ਦੱਸੇਗਾ, ਜਿਹੜੀਆਂ ਵੀ ਆਦਤਾਂ ਉਹਨਾਂ ਵਿੱਚ ਪਾਵੇਗਾ, ਉਹ ਬੱਚਿਆਂ ਅਤੇ ਮਾਪਿਆਂ ਦੋਹਾਂ ਵਾਸਤੇ ਲਾਭਦਾਇਕ ਹੋਣਗੀਆਂ । ਮਾਪੇ ਜਾਣਦੇ ਹਨ ਕਿ ਅਧਿਆਪਕ ਦੇ ਹੰਦਿਆ ਬੱਚਿਆਂ ਨੂੰ ਕੋਈ ਖਤਰਾ ਨਹੀਂ, ਡਰ ਨਹੀਂ, ਚਿੰਤਾ ਨਹੀਂ । ਅਧਿਆਪਕ ਬੱਚਿਆਂ ਦਾ ਰਾਖਾ ਵੀ ਹੈ ਤੇ ਰਹਿਬਰ ਵੀ ਹੈ । ਕੋਈ ਵੀ ਬੰਦਾ ਕੌਮ ਨੂੰ, ਉਸ ਦੇ ਬਚਿਆਂ ਨੂੰ ਸਿਖਿਆ ਦੇਣ, ਉਹਨਾਂ ਵਿੱਚ ਚੰਗੇ, ਇੱਜ਼ਤਦਾਰ, ਜ਼ਿੰਮੇਵਾਰ, ਪੜ੍ਹੇ-ਲਿਖੇ, ਸੁਤੰਤਰਤਾ ਅਤੇ ਪਰਜਾਤੰਤਰ ਦੇ ਉੱਚੇ ਆਦਰਸ਼ਾਂ ਵਾਲੇ ਸ਼ਹਿਰੀ-ਗੁਣ ਪੈਦਾ ਕਰਨ ਤੋਂ ਚੰਗੇਰੀ ਚੀਜ਼ ਕੀ ਦੇ ਸਕਦਾ ਹੈ । ਕੰਮ ਦੇ ਮਹੱਤਵ ਦਾ ਅਹਿਸਾਸ ਹੀ ਅਧਿਆਪਕ ਨੂੰ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਦੀ ਤੇ ਬੱਚਿਆਂ ਦੇ ਸਾਹਮਣੇ ਆਪਣੀ ਮਿਸਾਲ ਚੰਗੇ ਆਦਰਸ਼ ਇਨਸਾਨ ਦੇ ਰੂਪ ਵਿੱਚ ਰੱਖਣ ਦੀ ਪ੍ਰੇਰਨਾ ਦਿੰਦਾ ਹੈ । ਇਸ ਲਈ ਅਧਿਆਪਕ ਉਹ ਇਨਸਾਨ ਹੈ ਜੋ ਜ਼ਿੰਦਗੀ ਭਰ ਪੜ੍ਹਦਾ ਰਹਿੰਦਾ ਹੈ । *6×1=6*

(i) ਬੱਚਿਆਂ ਦੀ ਜ਼ਿੰਮੇਵਾਰੀ ਕਿਸ ਉੱਤੇ ਪਾ ਕੇ ਮਾਪੇ ਭਰੋਸਾ ਕਰਦੇ ਹਨ ?

(A) ਦਾਦਾ-ਦਾਦੀ (B) ਨਾਨਾ-ਨਾਨੀ
(C) ਆਯਾ (D) ਅਧਿਆਪਕ

(ii) ਕੌਣ ਅਜਿਹਾ ਜਾਣਦੇ ਹਨ ਕਿ ਅਧਿਆਪਕ ਬੱਚਿਆਂ ਦਾ ਰਾਖਾ ਤੇ ਰਹਿਬਰ ਹੈ ?

(A) ਸਕੂਲ ਵਾਲੇ (B) ਮਾਪੇ
(C) ਮੈਨੇਜਮੈਂਟ (D) ਮੁਹੱਲੇ ਵਾਲੇ

(iii) ਅਧਿਆਪਕ ਕਿਸਨੂੰ ਪ੍ਰੇਰਨਾ ਦਿੰਦਾ ਹੈ ?

(A) ਸਕੂਲ ਨੂੰ (B) ਮਾਪਿਆਂ ਨੂੰ
(C) ਬੱਚਿਆਂ ਨੂੰ (D) ਸਮਾਜ ਨੂੰ

(iv) ਅਧਿਆਪਕ ਤੋਂ ਬਚਿਆਂ ਨੂੰ ਕੀ ਪ੍ਰਾਪਤ ਹੁੰਦਾ ਹੈ ?

(A) ਇੱਜ਼ਤ (B) ਗਿਆਨ
(C) ਘਰ (D) ਖੇਡਾਂ

(v) ਇਸ ਪੈਰੇ ਵਿੱਚ ਕਿਸ ਬਾਰੇ ਵਰਨਣ ਕਿਤਾ ਗਿਆ ਹੈ ?

(A) ਡਾਕਟਰ (B) ਈਮਾਨਦਾਰ
(C) ਅਧਿਆਪਕ (D) ਇੰਜੀਨੀਅਰ

(vi) ਜਿੰਦਗੀ ਭਰ ਕੌਣ ਪੜ੍ਹਦਾ ਰਹਿੰਦਾ ਹੈ ?

(A) ਅਧਿਆਪਕ (B) ਵਿਦਿਆਰਥੀ
(C) ਮਾਪੇ (D) ਇੰਜੀਨੀਅਰ

**2.** ਉੱਚੇ ਟਿੱਬੇ ਪਿੰਡ ਬਸੋਹਲੀ, ਨੇੜੇ ਜੰਮੂ ਸ਼ਹਿਰ ਸੁਣੀਂਦਾ ।
ਏਸ ਪਿੰਡ ਵਿੱਚ ਹਾੜ ਮਹੀਨੇ, ਉੱਡ-ਉੱਡ ਆਵਣ ਬੱਦਲ ਚੀਨੇ,
ਬੈਠੀ ਪੌਣ ਵਜਾਵੇ ਮੱਟੀਆਂ, ਬਾਂਸਾਂ ਦੇ ਵਿੱਚ ਖਾਲੀ ਸੀਨੇ ।
ਏਸ ਗਰਾਂ ਵਿੱਚ ਸਰਘੀ ਵੇਲੇ, ਉੱਚੇ ਚਿੱਟੇ ਦੁੱਧ ਚੁਬਾਰੇ,
ਈਕਣ ਲਗਣ ਪਿਆਰੇ-ਪਿਆਰੇ, ਜੀਕਣ ਕਾਲੀ ਬਦਲੀ ਦੇ ਵਿੱਚ,
ਚਿੱਟਾ ਬਗਲਾ ਤਾਰੀ ਮਾਰੇ ।
ਕਦੇ-ਕਦੇ ਇਹਦੇ ਮਹਿਲਾਂ ਉਹਲੇ, ਨਿੱਕੀ ਸੋਨ-ਚਿੜੀ ਇੱਕ ਬੋਲੇ ।
ਏਸ ਗਰਾਂ ਦੀਆਂ ਸੰਦਲੀ ਰਾਹਵਾਂ, ਛਾਵਾਂ ਦੇ ਗਲ ਪਾ ਕੇ ਬਾਹਵਾਂ,
ਵੇਖਣ ਆਉਂਦੇ ਜਾਂਦੇ ਰਾਹੀ, ਪੁੱਛਣ ਹਰ ਇੱਕ ਦਾ ਸਰਨਾਵਾਂ । *4×1=4*

(i) ਇਸ ਕਾਵਿ-ਟੁਕੜੀ ਅਨੁਸਾਰ ਕਦੇ-ਕਦੇ ਮਹਿਲਾਂ ਉਹਲੇ ਕੌਣ ਬੋਲਦਾ ਹੈ ?

(ii) ਇਸ ਕਾਵਿ-ਟੁਕੜੀ ਵਿੱਚ ਜੰਮੂ ਸ਼ਹਿਰ ਨੇੜਲੇ ਕਿਸ ਪਿੰਡ ਦਾ ਜਿਕਰ ਆਇਆ ਹੈ ?

(iii) ਇਸ ਕਾਵਿ-ਟੁਕੜੀ ਅਨੁਸਾਰ ਜੰਮੂ ਸ਼ਹਿਰ ਨੇੜਲੇ ਪਿੰਡ ਵਿੱਚ ਬੱਦਲ ਚੀਨੇ ਕਿਹੜੇ ਮਹੀਨੇ ਉੱਡ-ਉੱਡ ਆਉਂਦੇ ਹਨ ?

(iv) ਇਸ ਕਾਵਿ-ਟੁਕੜੀ ਵਿਚਲੇ ਗਰਾਂ ਦੀਆਂ ਰਾਹਵਾਂ ਕਿਹੋ ਜਿਹੀਆਂ ਹਨ ?

## ਭਾਗ-II : ਵਿਆਕਰਨ

## (PART-II : Grammar)

*2+2+2+2+4=12*

**3.** **ਸਮਾਸੀ ਸ਼ਬਦ :** (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ***ਦੋ*** *(any **two**)* ਹੱਲ ਕਰੋ) : *2×1=2*

(i) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਵਿਰੋਧਾਰਥਕ ਸ਼ਬਦਾਂ ਦੇ ਸੁਮੇਲ ਨਾਲ਼ ਬਣਿਆ ਹੈ ?

(A) ਵੈਰ-ਵਿਰੋਧ (B) ਜਾਣ-ਪਛਾਣ
(C) ਹੌਲੀ- ਹੌਲੀ (D) ਦੂਰ-ਨੇੜੇ

(ii) ਹੇਠ ਲਿਖਿਆਂ ਵਿੱਚੋਂ ਕਿਹੜਾ ਵਿਕਲਪ ਇੱਕ ਸਮਾਸੀ ਸ਼ਬਦ ***ਨਹੀਂ*** ਹੈ ?

(A) ਅੱਸੀ (B) ਆਸ਼ਾ-ਨਿਰਾਸ਼ਾ

(C) ਸੁੱਧ-ਬੁੱਧ (D) ਰਾਤੋਂ-ਰਾਤ

(iii) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਸਮਾਨ ਅਰਥਾਂ ਵਾਲੇ ਸ਼ਬਦਾਂ ਦੇ ਸੁਮੇਲ ਨਾਲ ਬਣਿਆ ਹੈ ?

(A) ਮੁੰਡਾ-ਕੁੜੀ (B) ਵਿਆਹ-ਸ਼ਾਦੀ

(C) ਆਟਾ-ਦਾਲ਼ (D) ਕਾਲਾ-ਪਾਣੀ

4. **ਬਹੁ-ਅਰਥਕ ਸ਼ਬਦ :** (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ***ਦੋ*** *(any **two**)* ਹੱਲ ਕਰੋ) : $2 \times 1 = 2$

(i) ਹੇਠ ਲਿਖੇ ਵਾਕ ਵਿਚਲੀਆਂ ਖਾਲੀ ਥਾਵਾਂ ਭਰਨ ਲਈ ਢੁਕਵਾਂ ਬਹੁ-ਅਰਥਕ ਸ਼ਬਦ ਚੁਣੋ :

ਅੱਜ ਸਵੇਰੇ ਜਦੋਂ ਅਲਮਾਰੀ ਵਿੱਚੋਂ ਪਹਿਨਣ ਲਈ ਕੱਪੜੇ ਕੱਢਣ ਲੱਗਾ ਤਾਂ ਸਭ ਤੋਂ ਪਹਿਲਾਂ ਮੇਰੇ ਹੱਥ ਇੱਕ ________ ਲੱਗਾ । ਜਦੋਂ ਮੈਂ ਸਾਰੇ ਕਪੜੇ ਬਾਹਰ ਕੱਢੇ ਤਾਂ ________ ਵੇਖ ਕੇ ਹੈਰਾਨ ਰਹਿ ਗਿਆ ਕਿ ਇਹ ਕੀ ਹੈ ? ਫਿਰ ਸਮਝ ਆਈ ਕਿ ਲਗਦਾ ਕਿ ਕੱਪੜਿਆਂ ਨੂੰ ਚੂਹਾ ________ ਗਿਆ ਹੈ । ਕੱਪੜਿਆਂ ਦੀ ਇੱਕ ਨਵੀਂ ਸਮੱਸਿਆ ਖੜ੍ਹੀ ਹੋ ਗਈ ਕਿਉਂਕਿ ਹੁਣ ਮੇਰੇ ਕੋਲ ਪਹਿਨਣ ਲਈ ਕੱਪੜੇ ਨਹੀਂ ਸਨ, ਮੇਰੇ ਜ਼ਿਆਦਾਤਰ ਕਪੜੇ ਤਾਂ ਪਿੰਡ ਮੇਰੇ ਘਰ ਹੀ ਪਏ ਸਨ, ਮੈਂ ਤਾਂ ________ ਦੀ ਖਾਤਰ ਆਪਣੇ ਘਰ ਤੋਂ 500 ਕਿਲੋਮੀਟਰ ਦੂਰ ਬੈਠਾ ਹਾਂ ।

(A) ਕੱਟ (B) ਟੁਕੜਾ

(C) ਟੁੱਕ (D) ਟੁੱਟ

(ii) ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਦਬਣਾ' ਸ਼ਬਦ ਦੇ ਅਰਥਾਂ ਵਜੋਂ ***ਨਹੀਂ*** ਵਰਤਿਆ ਜਾਵੇਗਾ ?

(A) ਡਰ ਜਾਣਾ (B) ਕੁੱਟਣਾ

(C) ਸਹਿਮ ਜਾਣਾ (D) ਨੀਵਾਂ ਹੋ ਜਾਣਾ

(iii) 'ਤਣਾਅ' ਦਾ ਇੱਕ ਅਰਥ ਹੈ; 'ਅਕੜਾਅ' ਦੂਜਾ ਅਰਥ ਹੈ :

(A) ਖਿੱਚ (B) ਕਸ਼ਮਕਸ਼

(C) ਬੋਝ (D) ਉਪਰੋਕਤ ਸਾਰੇ

5. **ਕਿਰਿਆ-ਵਿਸ਼ੇਸ਼ਣ :** (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ***ਦੋ*** *(any **two**)* ਹੱਲ ਕਰੋ) : $2 \times 1 = 2$

(i) ਹੇਠ ਲਿਖੇ ਸ਼ਬਦ ਸਮੂਹਾਂ ਵਿੱਚੋਂ ਪਰਿਮਾਣ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :

(A) ਇੱਕ ਵਾਰ, ਕਈ ਵਾਰ, ਅਨੇਕ ਵਾਰ (B) ਥੋੜ੍ਹਾ, ਬਹੁਤ, ਕਿੰਨਾ

(C) ਸੱਜੇ, ਅੱਗੇ, ਖੱਬੇ (D) ਉਰ੍ਹਾਂ, ਪਰ੍ਹਾਂ, ਉੱਥੇ

(ii) ਜਿਨ੍ਹਾਂ ਸ਼ਬਦਾਂ ਤੋਂ ਕਿਰਿਆ, ਕੰਮ ਦੀ ਤਾਕੀਦ ਜਾਂ ਪਕਿਆਈ ਦਾ ਪਤਾ ਲੱਗੇ, ਉਹਨਾਂ ਨੂੰ __________ ਕਿਹਾ ਜਾਂਦਾ ਹੈ । ਸਹੀ ਵਿਕਲਪ ਚੁਣ ਕੇ ਖ਼ਾਲੀ ਸਥਾਨ ਭਰੋ ।

(A) ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ

(B) ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ

(C) ਕਾਲ-ਵਾਚਕ ਕਿਰਿਆ-ਵਿਸ਼ੇਸ਼ਣ

(D) ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ

(iii) ਹੇਠ ਲਿਖੇ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ :

ਉਹ ਘੜੀ-ਮੁੜੀ ਸਾਡੇ ਵੱਲ ਵੇਖ ਰਿਹਾ ਸੀ ।

(A) ਉਹ

(B) ਘੜੀ-ਮੁੜੀ

(C) ਸਾਡੇ ਵੱਲ

(D) ਵੇਖ ਰਿਹਾ

6. **ਅਗੇਤਰ-ਪਿਛੇਤਰ :** (ਪੁੱਛੇ ਗਏ ਅਨੁਸਾਰ ਹੱਲ ਕਰੋ) : *1+1=2*

(i) ਹੇਠ ਲਿਖਿਆਂ ਵਿੱਚੋਂ ਕਿਸੇ ***ਇੱਕ*** (any ***one***) ਅਗੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਪੁਨਰ, ਬਹੁ

(ii) ਹੇਠ ਲਿਖਿਆਂ ਵਿੱਚੋਂ ਕਿਸੇ ***ਇੱਕ*** (any ***one***) ਪਿਛੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਚਾਲ, ਤਾ

7. **ਮੁਹਾਵਰੇ :** ਹੇਠ ਲਿਖਿਆਂ ਵਿੱਚੋਂ ਕਿਸੇ ***ਚਾਰ*** *(any **four**)* ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ : *4×1=4*

(i) ਕਸਰ ਪੂਰੀ ਕਰਨਾ

(ii) ਖਸਤਾ ਹਾਲ ਹੋਣਾ

(iii) ਗੱਪਾਂ ਮਾਰਨਾ

(iv) ਚਾਦਰ ਵੇਖ ਕੇ ਪੈਰ ਪਸਾਰਨਾ

(v) ਛੋਟੇ ਦਿਲ ਦਾ ਹੋਣਾ

(vi) ਜ਼ਬਾਨ ਖੋਲ੍ਹਣਾ

## ਭਾਗ-III : ਪ੍ਰਭਾਵਸ਼ਾਲੀ ਲਿਖਣ ਕੌਸ਼ਲ

## (PART–III : Writing Skills) *8+6+4=18*

**8.** ਹੇਠ ਲਿਖਿਆਂ ਵਿੱਚੋਂ ਕਿਸੇ ***ਇੱਕ*** *(any **one**)* ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ : *1×8=8*

(i) ਵਿਹਲਾ ਮਨ ਸ਼ੈਤਾਨ ਦਾ ਘਰ

(ਅਰਥ ....... ਵਿਹਲਾ ਮਨ ਤੋਂ ਭਾਵ ....... ਮਨੁਖ ਦੀਆਂ ਸਮੱਸਿਆਵਾਂ ਦੇ ਕਾਰਨ ....... ਮਨ ਨੂੰ ਇਕਾਗਰ ਕਰਨ ਦੀ ਲੋੜ ....... ਮਨ ਨੂੰ ਇਕਾਗਰ ਕਰਨ ਦੇ ਲਾਭ ....... ਸਿੱਟਾ .......)

(ii) ਦਿਨੋ-ਦਿਨ ਵਧ ਰਿਹਾ ਮੋਬਾਈਲ ਦਾ ਜਨੂੰਨ

(ਜਾਣ-ਪਛਾਣ ....... ਮੋਬਾਈਲ ਇਸ ਸਮੇਂ ਦੀ ਜ਼ਰੂਰਤ ....... ਮੋਬਾਈਲ ਜ਼ਰੂਰਤ ਜਾਂ ਸਹੂਲਤ ....... ਵਿਦਿਆਰਥੀ ਵਰਗ ਵਿੱਚ ਮੋਬਾਇਲ ਦਾ ਜਨੂੰਨ ....... ਮੋਬਾਈਲ ਕੰਪਨੀਆਂ ਦਾ ਰੋਲ ....... ਮੋਬਾਈਲ ਦੀ ਬੇਤਹਾਸ਼ਾ ਵਰਤੋਂ ....... ਸਮੇਂ ਤੇ ਧਨ ਦੀ ਬਰਬਾਦੀ ....... ਸਮਾਜਿਕ ਪ੍ਰਭਾਵ ....... ਸਿਹਤ ਸੰਬੰਧੀ ਪ੍ਰਭਾਵ .......ਸੁਝਾਅ ....... ਸਾਰੰਸ਼ .......)

(iii) ਸਾਫ਼-ਸੁਥਰਾ ਆਲਾ-ਦੁਆਲਾ

(ਜਾਣ-ਪਛਾਣ ....... ਸਫ਼ਾਈ ਇੱਕ ਕਿਸਮ ਦਾ ਰੱਬ ਦਾ ਰੂਪ ....... ਪ੍ਰਦੂਸ਼ਣ ਇੱਕ ਵੱਡੀ ਚੁਣੌਤੀ ....... ਨਿਰੰਤਰ ਵੱਧ ਰਹੇ ਕੂੜੇ-ਕਰਕਟ ਦੇ ਨਿਪਟਾਣ ਦੀ ਸਮੱਸਿਆ ....... ਸਾਡਾ ਅਵੇਸਲਾਪਣ ....... ਸਾਡੀ ਜ਼ੁੰਮੇਵਾਰੀਆਂ ....... ਆਪਣੇ ਦੇਸ਼ ਨੂੰ ਸਵੱਛ ਰਖਣਾ ਸਾਡਾ ਮੁਢਲਾ ਫਰਜ਼ ....... ਤੁਹਾਡੇ ਵਿਚਾਰ ....... ਸਿੱਟਾ .......)

**9.** **ਪੱਤਰ-ਰਚਨਾ :** *1×6=6*

(i) ਤੁਹਾਡਾ ਮਿੱਤਰ ਕਾਫ਼ੀ ਸਾਲ ਪਹਿਲਾਂ ਵਿਦੇਸ਼ ਚਲਾ ਗਿਆ ਸੀ, ਉਸ ਦੇ ਜਾਣ ਤੋਂ ਬਾਅਦ ਪਿੰਡ ਵਿੱਚ ਆਈਆਂ ਤਬਦੀਲੀਆਂ ਬਾਰੇ ਉਸ ਨੂੰ ਇੱਕ ਪੱਤਰ ਲਿਖੋ ।

ਨੁਕਤੇ : (ਤੇਰੀ ਚਿੱਠੀ ਦਾ ਕਾਫ਼ੀ ਦੇਰੀ ਬਾਅਦ ਆਉਣਾ ....... ਤੇਰੇ ਕੰਮ-ਕਾਰ ਤੋਂ ਹੋਰ ਗਤੀਵਿਧੀਆਂ ਬਾਰੇ ਪਤਾ ਲੱਗਣਾ ....... ਉਸ ਦੇਸ਼ ਦੀਆਂ ਖੂਬੀਆਂ ਤੇ ਸੁੰਦਰਤਾ ਦਾ ਜ਼ਿਕਰ ....... ਪਿੰਡ ਦੇ ਹਾਲ ਬਾਰੇ ਵਿਸਥਾਰ ਵਿੱਚ ਜਾਣਨ ਦੀ ਇੱਛਾ ....... ਪਿੰਡ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਦਾ ਆਉਣਾ ....... ਪਿੰਡ ਦੀ ਨੁਹਾਰ ਦਾ ਬਦਲਣਾ ....... ਵਾਗਡੋਰ ਨੌਜਵਾਨ ਪੀੜ੍ਹੀ ਦੇ ਹੱਥਾਂ ਵਿੱਚ .......)

**ਜਾਂ (OR)**

(ii) ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਸਕੂਲ ਦੀ ਲਾਇਬ੍ਰੇਰੀ ਲਈ ਨਵੀਆਂ ਪੁਸਤਕਾਂ ਤੇ ਰਿਸਾਲੇ ਖਰੀਦਣ ਲਈ ਬੇਨਤੀ-ਪੱਤਰ ਲਿਖੋ ।

ਨੁਕਤੇ : (ਲਾਇਬ੍ਰੇਰੀ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ....... ਸਕੂਲ ਦੀ ਲਾਇਬ੍ਰੇਰੀ ਵਿੱਚ ਬਹੁਤ ਘੱਟ ਪੁਸਤਕਾਂ ਦਾ ਹੋਣਾ ....... ਚੰਗੀ ਪੁਸਤਕਾਂ ਤੇ ਰਿਸਾਲਿਆਂ ਦੀ ਬਹੁਤ ਘਾਟ ....... ਪ੍ਰਤੀਯੋਗੀ ਪਰੀਖਿਆਵਾਂ ਲਈ ਨਵੀਆਂ ਪੁਸਤਕਾਂ ਬਿਲਕੁਲ ਉਪਲਬਧ ਨਾ ਹੋਣਾ ....... ਛੋਟੇ ਬਚਿਆਂ ਲਈ ਕਹਾਣੀਆਂ ਦੀਆਂ ਕਿਤਾਬਾਂ ਦਾ ਵੀ ਬਹੁਤ ਘੱਟ ਗਿਣਤੀ ਵਿੱਚ ਹੋਣਾ ....... ਵਿਦਿਆਰਥੀਆਂ ਦੀ ਜ਼ਰੂਰਤ ਲਈ ਪੁਸਤਕਾਂ ਤੁਰੰਤ ਖਰੀਦਣ ਦੀ ਲੋੜ .......)

**10.** ਹੇਠਲੀ ਤਸਵੀਰ ਨੂੰ ਧਿਆਨ ਨਾਲ਼ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ । *1×4=4*



***ਨੋਟ :*** *ਹੇਠਲਾ ਪ੍ਰਸ਼ਨ ਤਸਵੀਰ ਆਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼* ***ਨੇਤਰਹੀਣ ਵਿਦਿਆਰਥੀਆਂ*** *ਲਈ ਹੈ ।*

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਸਕੂਲ ਦੇ ਪ੍ਰਵੇਸ਼ ਦੁਆਰ ਖੇਤਰ ਵਿੱਚ ਟੁੱਟੀਆਂ ਟਾਈਲਾਂ ਨੂੰ ਠੀਕ ਕਰਵਾਉਣ ਲਈ ਬਿਨੈ-ਪੱਤਰ ਲਿਖੋ ।

## ਭਾਗ-IV : ਪਾਠ-ਪੁਸਤਕਾਂ 'ਤੇ ਅਧਾਰਿਤ ਪ੍ਰਸ਼ਨ

## (PART–IV : Text-Book Based Questions) *5+5+4+14+8+4=40*

**11.** **ਕਹਾਣੀ ਤੇ ਵਾਰਤਕ ਵਿੱਚੋਂ** (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ***ਪੰਜ*** *(any* ***five****)* ਹੱਲ ਕਰੋ) : *5×1=5*

(i) 'ਘਰ ਦਾ ਪਿਆਰ' ਲੇਖ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਪਰਦੇਸ ਯਾਤਰਾ ਕਰਕੇ ਪਰਤਦੇ ਹਨ ਤਾਂ ਆਪ ਪਿੰਡ ਤੋਂ ਬਾਹਰ ਬੈਠ ਕੇ ਕਿਸ ਨੂੰ ਆਪਣੇ ਘਰ ਵਾਲਿਆਂ ਦੀ ਖਬਰ ਲੈਣ ਲਈ ਭੇਜਦੇ ਹਨ ?

(A) ਭਾਈ ਲਾਲੋ ਜੀ
(B) ਭਾਈ ਮਰਦਾਨਾ ਜੀ
(C) ਭਾਈ ਮੋਹਕਮ ਚੰਦ ਜੀ
(D) ਇਹਨਾਂ ਵਿੱਚੋਂ ਕਿਸੇ ਨੂੰ ਵੀ ਨਹੀਂ

(ii) 'ਬੋਲੀ' ਲੇਖ ਦੇ ਆਧਾਰ 'ਤੇ ਵਾਕ ਪੂਰਾ ਕਰੋ :

ਜਿੰਨੀ ਬਹੁਤੀ ਸਾਡੀ ਪੁਟਾਈ ਤੇ ਜਿੰਨੀ ਬਹੁਤੀ ਸਾਡੀ ਲੱਭਤ ਓਨੀ ਬਹੁਤੀ ਅਮੀਰ ਸਾਡੀ ______ ਹੁੰਦੀ ਜਾਏਗੀ ।

(A) ਖਾਣ
(B) ਮੰਡੀ
(C) ਜਿੰਦਗੀ
(D) ਬੋਲੀ

(iii) 'ਮੇਰੇ ਵੱਡੇ ਵਡੇਰੇ' ਲੇਖ ਅਨੁਸਾਰ ਚੜਿਕ ਪਿੰਡ ਕੌਣ ਵਿਆਹਿਆ ਹੋਇਆ ਸੀ ?

(A) ਬਾਬਾ ਪੁਨੂੰ (B) ਬਾਬਾ ਦਾਸ

(C) ਬਾਬਿਆਂ ਦੀ ਭੈਣ (D) ਨਾਮੀ ਪਹਿਲਵਾਨ

(iv) 'ਕੁਲਫੀ' ਕਹਾਣੀ ਅਨੁਸਾਰ ਲੇਖਕ ਖੁਦ ਕਿਸ ਚੀਜ਼ ਦਾ ਲੋਭੀ ਹੈ ?

(A) ਪੈਸੇ ਦਾ (B) ਮਿੱਠੇ ਦਾ

(C) ਛੋਲਿਆਂ ਦਾ (D) ਨੀਂਦ ਦਾ

(v) 'ਧਰਤੀ ਹੇਠਲਾ ਬਲ਼ਦ' ਕਹਾਣੀ ਅਨੁਸਾਰ ਕਰਮ ਸਿੰਘ ਫ਼ੌਜ ਵਿੱਚ ਕਿਸ ਅਹੁਦੇ 'ਤੇ ਸੀ ?

(A) ਕਰਨਲ (B) ਕੈਪਟਨ

(C) ਨਾਇਕ (D) ਹੌਲਦਾਰ

(vi) 'ਵਰਿਆਮ ਸਿੰਘ ਸੰਧੂ' ਦੀ ਲਿਖੀ ਹੋਈ ਕਿਹੜੀ ਕਹਾਣੀ ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਹੈ ?

(A) ਅੰਗ-ਸੰਗ (B) ਧਰਤੀ ਹੇਠਲਾ ਬਲ਼ਦ

(C) ਕੁਲਫੀ (D) ਮੇਰੇ ਵੱਡੇ ਵਡੇਰੇ

**12.** **ਕਵਿਤਾ ਤੇ ਇਕਾਂਗੀ ਵਿੱਚੋਂ** (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ***ਪੰਜ*** *(any **five**)* ਹੱਲ ਕਰੋ) : *5×1=5*

(i) ਹੇਠ ਲਿਖੇ ਵਿਕਲਪਾਂ ਵਿੱਚੋਂ ਕਿਹੜੀ ਰਚਨਾ ਸ੍ਰੀ ਗੁਰੂ ਅਮਰਦਾਸ ਜੀ ਦੀ ਹੈ ?

(A) ਸੋ ਕਿਉ ਮੰਦਾ ਆਖੀਐ (B) ਕਿਰਪਾ ਕਰਿ ਕੈ ਬਖਸਿ ਲੈਹੁ

(C) ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ (D) ਉਪਰੋਕਤ ਸਾਰੇ

(ii) ਭਾਈ ਗੁਰਦਾਸ ਜੀ ਦੀ ਰਚਨਾ 'ਸਤਿਗੁਰ ਨਾਨਕ ਪ੍ਰਗਟਿਆ' ਵਿੱਚ ਆਏ ਸ਼ਬਦ 'ਪਲੋਆ' ਦਾ ਕੀ ਅਰਥ ਹੈ ?

(A) ਦੌੜਦੀ (B) ਮੇਲ਼

(C) ਦੂਰ ਹੋਇਆ (D) ਆਸਰਾ

(iii) 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਰਚਨਾ ਵਿੱਚ ਆਏ ਸ਼ਬਦ 'ਅਖਾੜਾ' ਦਾ ਕੀ ਅਰਥ ਹੈ ?

(A) ਵਿਖਮ (B) ਅਸਾਡਾ

(C) ਰਿਸ਼ਤੇਦਾਰ (D) ਸੰਸਾਰ

(iv) 'ਦੂਜਾ ਵਿਆਹ' ਇਕਾਂਗੀ ਵਿੱਚ ਨਿਹਾਲ ਕੌਰ ਦੀ ਧੀ ਦਾ ਕੀ ਨਾਂ ਹੈ ?

(A) ਮਨਜੀਤ ਕੌਰ (B) ਜ਼ੀਨਤ

(C) ਸੁਖਦੇਵ ਕੌਰ (D) ਸੁਖਰਾਜ

(v) 'ਜ਼ਫ਼ਰਨਾਮਾ' ਇਕਾਂਗੀ ਅਨੁਸਾਰ ਆਲਮਗੀਰ ਦਾ ਖਿਤਾਬ ਕਿਸ ਨੂੰ ਮਿਲਿਆ ਹੋਇਆ ਸੀ ?

(A) ਸ਼ਾਹੀ ਹਕੀਮ (B) ਔਰੰਗਜ਼ੇਬ

(C) ਅਸਦ ਖ਼ਾਨ (D) ਵਜ਼ੀਰ ਖਾਨ

(vi) 'ਜ਼ਫ਼ਰਨਾਮਾ' ਇਕਾਂਗੀ ਵਿੱਚ ਅਸਦ ਖਾਨ ਅਨੁਸਾਰ ਮੁਗਲਾਂ ਨੇ ਗੋਲ਼ਕੁੰਡਾ ਤੇ ਬੀਜਾਪੁਰ ਫ਼ਤਿਹ ਕਰਕੇ ਕਿਨ੍ਹਾਂ ਦਾ ਰਸਤਾ ਸਾਫ਼ ਕਰ ਦਿੱਤਾ ਸੀ ?

(A) ਸਿੱਖਾਂ (B) ਮਰਾਠਿਆਂ

(C) ਮੁਗ਼ਲਾਂ (D) ਰਾਜਪੂਤਾਂ

**13.** **ਕਹਾਣੀ ਤੇ ਵਾਰਤਕ ਵਿੱਚੋਂ** (ਕਿਸੇ ***ਚਾਰ*** *(any* ***four****)* ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ) : *4×1=4*

(i) 'ਮੇਰੇ ਵੱਡੇ-ਵਡੇਰੇ' ਲੇਖ ਅਨੁਸਾਰ ਬਾਬੇ ਪੂਨੂੰ ਦਾ ਪਿੰਡਾ ਕਿਹੋ ਜਿਹਾ ਸੀ ?

(ii) 'ਬੋਲੀ' ਲੇਖ ਦੇ ਲੇਖਕ ਦਾ ਨਾਮ ਦੱਸੋ ।

(iii) 'ਘਰ ਦਾ ਪਿਆਰ' ਲੇਖ ਅਨੁਸਾਰ ਲਿਖਾਰੀਆਂ ਨੇ ਬੁੱਧ ਮਹਾਰਾਜ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਪਿਆਂ ਦੇ ਆਚਰਨ ਨੂੰ ਕਿਹੜੇ ਰੰਗ ਵਿੱਚ ਰੰਗ ਕੇ ਪੇਸ਼ ਕੀਤਾ ਹੈ ?

(iv) 'ਕੁਲਫ਼ੀ' ਕਹਾਣੀ ਕਿਸ ਦੀ ਅਵਾਜ਼ ਨੇ ਖਿਝੇ ਹੋਏ ਲੇਖਕ ਨੂੰ ਸ਼ਾਂਤ ਕਰ ਦਿੱਤਾ ?

(v) ''ਆਪਣੀ ਵਾਰੀ ਕਦੋਂ ਏ ਪਾਣੀ ਦੀ ?'' 'ਧਰਤੀ ਹੇਠਲਾ ਬਲ਼ਦ' ਕਹਾਣੀ ਵਿੱਚ ਇਹ ਸ਼ਬਦ ਕਿਸ ਨੇ ਕਹੇ ?

**14.** **ਕਹਾਣੀ, ਵਾਰਤਕ ਤੇ ਇਕਾਂਗੀ ਵਿੱਚੋਂ** (ਕਿਸੇ ***ਸੱਤ*** *(any* ***seven****)* ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ) : *7×2=14*

(i) 'ਅੰਗ-ਸੰਗ' ਕਹਾਣੀ ਦੇ ਆਧਾਰ 'ਤੇ ਦਸੋ ਕਿ ਕਰਤਾਰ ਸਿੰਘ ਦੀ ਕਿਹੜੀ ਕੁੜੀ ਦਾ ਸਾਕ ਛੱਡ ਦਿੱਤਾ ਗਿਆ ਸੀ ਤੇ ਕਿਉਂ ?

(ii) 'ਕੁਲਫ਼ੀ' ਕਹਾਣੀ ਦੇ ਆਧਾਰ 'ਤੇ ਕੋਈ ਦੋ ਅਜਿਹੀਆਂ ਚੀਜਾਂ ਦੱਸੋ ਜਿਨ੍ਹਾਂ ਦੀ ਤੁਲਨਾ ਲੇਖਕ ਆਪਣੇ ਪਿਤਾ ਜੀ ਨਾਲ ਕਰਦਾ ਹੈ ।

(iii) 'ਧਰਤੀ ਹੇਠਲਾ ਬਲਦ' ਕਹਾਣੀ ਵਿੱਚ ਕਰਮ ਸਿੰਘ ਦੇ ਘਰ ਪਹੁੰਚਣ 'ਤੇ ਉਸ ਦੇ ਪਰਿਵਾਰ ਵੱਲੋਂ ਮਾਨ ਸਿੰਘ ਨਾਲ ਕਿਸ ਤਰ੍ਹਾਂ ਦਾ ਵਿਹਾਰ ਕੀਤਾ ਗਿਆ ?

(iv) 'ਦੂਜਾ ਵਿਆਹ' ਇਕਾਂਗੀ ਰਾਹੀਂ ਇਕਾਂਗੀਕਾਰ ਕੀ ਸੰਦੇਸ਼ ਦੇਣਾ ਚਾਹੁੰਦਾ ਹੈ ?

(v) 'ਜ਼ਫ਼ਰਨਾਮਾ' ਇਕਾਂਗੀ ਦੇ ਅੰਤ ਵਿੱਚ ਔਰੰਗਜ਼ੇਬ ਆਪਣੀ ਬੇਟੀ ਜ਼ੀਨਤ ਨੂੰ ਕੀ ਕਹਿ ਰਿਹਾ ਹੈ ?

(vi) 'ਤੁਰਨ ਦਾ ਹੁਨਰ' ਪਾਠ ਵਿੱਚ ਲੇਖਕ ਨੇ ਤੁਰਨ ਦੇ ਸ਼ੁਕੀਨ ਲੋਕਾਂ ਦੇ ਦੇਸ਼ ਪਿਆਰ ਦੇ ਜਜ਼ਬੇ ਸੰਬੰਧੀ ਕੀ ਵਿਚਾਰ ਪੇਸ਼ ਕੀਤੇ ਹਨ ?

(vii) 'ਘਰ ਦਾ ਪਿਆਰ' ਲੇਖ ਅਨੁਸਾਰ ਲੋਕ ਧਰਮ ਦੀ ਕਮਾਈ ਕਿਸ ਨੂੰ ਸਮਝੀਂ ਬੈਠੇ ਹਨ ? ਵੇਰਵਿਆਂ ਸਹਿਤ ਉੱਤਰ ਦਿਓ ।

(viii) 'ਬੋਲੀ' ਲੇਖ ਵਿੱਚ ਤਜਰਬੇ ਬਾਰੇ ਜੋ ਵਿਚਾਰ ਪ੍ਰਗਟਾਏ ਗਏ ਹਨ, ਤੁਸੀ ਉਹਨਾਂ ਨਾਲ ਕਿੰਨੇ'ਕੁ ਸਹਿਮਤ ਹੋ ? ਦਲੀਲਾਂ ਸਹਿਤ ਉੱਤਰ ਦਿਓ ।

**15.** **ਕਵਿਤਾ ਤੇ ਵਾਰਤਕ ਵਿੱਚੋਂ** (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : *2×4=8*

(i) (ੳ) 'ਸੋ ਕਿਉ ਮੰਦਾ ਆਖੀਐ' ਰਚਨਾ ਵਿੱਚ ਗੁਰੂ ਸਾਹਿਬ ਨੇ ਕਿਸ ਨੂੰ ਮੰਦਾ ਆਖਣ ਤੋਂ ਰੋਕਿਆ ਹੈ ਅਤੇ ਕਿਉ ?

**ਜਾਂ (OR)**

(ਅ) ਸ਼ਾਹ ਮੁਹੰਮਦ ਦੀ ਰਚਨਾ 'ਜੰਗ ਦਾ ਹਾਲ' ਦੇ ਵਿਸ਼ਾ-ਵਸਤੂ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ ।

(ii) (ੳ) 'ਤੁਰਨ ਦਾ ਹੁਨਰ' ਪਾਠ ਦੇ ਆਧਾਰ 'ਤੇ ਆਪਣੇ ਵਿਚਾਰ ਪ੍ਰਗਟਾਓ ਕਿ ਲੇਖਕ ਨੇ ਤੁਰਨ ਦੇ ਪੱਖ ਵਿੱਚ ਜੋ-ਜੋ ਦਲੀਲਾਂ ਦਿੱਤੀਆਂ ਹਨ, ਉਹਨਾਂ ਵਿੱਚ ਕਿੰਨਾਂ ਕੁ ਸਫਲ ਹੋਇਆ ਹੈ ?

**ਜਾਂ (OR)**

(ਅ) 'ਪ੍ਰਾਰਥਨਾ' ਲੇਖ ਵਿੱਚ ਸਿੱਖ ਧਰਮ ਵਿੱਚ ਅਰਦਾਸ ਦੀ ਮਹੱਤਤਾ ਬਾਰੇ ਕੀ ਦੱਸਿਆ ਗਿਆ ਹੈ ?

**16.** **ਇਕਾਂਗੀ ਵਿੱਚੋਂ** (ਕਿਸੇ ***ਇੱਕ*** *(any **one**)* ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : *1×4=4*

(i) ਜਦੋਂ ਔਰੰਗਜ਼ੇਬ ਆਪਣੀ ਬੇਟੀ ਜ਼ੀਨਤ ਅੱਗੇ ਆਪਣੇ ਸਾਰੇ ਗੁਨਾਹ ਕਬੂਲ ਕਰਦਾ ਹੈ ਤਾਂ ਜ਼ੀਨਤ ਉਸ ਨੂੰ ਕੀ ਕਹਿੰਦੀ ਹੈ ? 'ਜ਼ਫ਼ਰਨਾਮਾ' ਇਕਾਂਗੀ ਦੇ ਆਧਾਰ 'ਤੇ ਆਪਣਾ ਉੱਤਰ ਦਿਓ।

(ii) 'ਅੱਜ-ਕੱਲ੍ਹ ਦੀਆਂ ਨੂੰਹਾਂ ਤਾਂ ਸਹੁਰਿਆਂ ਨੂੰ ਵੀ ਡਰਾ ਲੈਂਦੀਆਂ ਨੇ ।' ਨਿਹਾਲ ਕੌਰ ਇਹ ਸ਼ਬਦ ਕਿਸ ਪ੍ਰਸੰਗ ਵਿੱਚ ਕਹਿੰਦੀ ਹੈ ? 'ਦੂਜਾ ਵਿਆਹ' ਇਕਾਂਗੀ ਦੇ ਆਧਾਰ 'ਤੇ ਆਪਣੇ ਵਿਚਾਰ ਪ੍ਰਗਟ ਕਰੋ ।